① Section - D

DATE / / PAGE
NOTEBOOK

## ਪਹਿਰਾਵਾ

③ Que :-

ਪਹਿਰਾਵਾ ਮੂਲ ਰੂਪ ਵਿੱਚ ਮਨੁੱਖ ਦੀ ਸਰੀਰਕ ਲੋੜ ਨੂੰ ਪੂਰਾ ਕਰਦਾ ਹੈ। ਜਿਸਮ ਨੂੰ ਢੱਕਣ ਤੇ ਕੁਦਰਤੀ ਆਫ਼ਤਾਂ ਤੋਂ ਬਚਾਅ ਕਰਨ ਦੇ ਨਾਲ-ਨਾਲ ਪਹਿਰਾਵਾ ਲਿੰਗ ਵਿਭਿੰਨਤਾ ਨੂੰ ਵੀ ਨਿਰਧਾਰਿਤ ਕਰਦਾ ਹੈ। ਹਰ ਮਨੁੱਖੀ ਸਮਾਜ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੇ ਪਹਿਰਾਵੇ ਦੀ ਮਹਾਨਤਾ ਬਰਕਰਾਰ ਰਹੀ ਹੈ। ਬੱਚੇ ਦੇ ਜਨਮ ਸਮੇਂ ਤੋਂ ਬੁਢਾਪੇ ਦੇ ਅੰਤਮ ਸੁਆਸਾਂ ਤੱਕ ਪੁਸ਼ਾਕ ਪਹਿਨਾਈ ਜਾਂਦੀ ਹੈ। ਬੱਚੇ ਦੀ ਪੁਸ਼ਾਕ ਸੂਹੀ ਤੇ ਰੰਗਲੀ ਹੁੰਦੀ ਹੈ, ਜਿਸਨੂੰ ਸਨਵਾਦੀ ਸ਼ਬਦਾਵਲੀ ਵਿੱਚ 'ਝੱਗਾ ਪੋਤੜਾ' ਕਹਿੰਦੇ ਹਨ। ਜਨਮ ਤੋਂ ਇੱਕ ਸਾਲ ਤੱਕ ਮੁੰਡੇ ਅਤੇ ਕੁੜੀ ਦੀ ਪੁਸ਼ਾਕ ਇੱਕੋ ਜਿਹੀ ਹੁੰਦੀ ਹੈ, ਜਿਵੇਂ ਕਿ ਮੁੰਡੇ ਦੇ ਲੱਕ ਦੁਆਲੇ, ਮਣਕੇ, ਲੀਰਾਂ ਅਤੇ ਕੌਡੀਆਂ ਨਾਲ ਸ਼ਿੰਗਾਰੀ ਤੜਾਗੀ ਪਾ ਦਿੱਤੀ ਜਾਂਦੀ ਹੈ। ਇਸ ਤੋਂ ਮਗਰੋਂ ਪੁਸ਼ਾਕਾਂ ਔਰਤ-ਮਰਦ ਦੀ ਪਛਾਣ-ਚਿੰਨ੍ਹ ਬਣ ਜਾਂਦਾ ਹੈ।

ਪਹਿਰਾਵੇ ਦੀ ਵਰਤੋਂ ਅਤੇ ਬਣਤਰ ਦਾ ਇਤਿਹਾਸ ਬੜਾ ਪ੍ਰਾਚੀਨ ਅਤੇ ਦਿਲਚਸਪ ਹੈ। ਵੈਦਿਕ ਸਮੇਂ ਵਿੱਚ ਪੁਸ਼ਾਕ ਵੇਲੇ, ਫਲਵਾਂਰ, ਕੁਸ਼ਾ ਜਾਂ ਘਾਹ ਦੀ ਹੁੰਦੀ ਸੀ। ਇਹ ਸਰੀਰ ਦੇ ਕੁਝ ਖ਼ਾਸ ਅੰਗਾਂ ਨੂੰ ਢੱਕਣ ਲਈ ਹੀ ਵਰਤੀ ਜਾਂਦੀ ਸੀ। ਇਸ ਤੋਂ ਮਗਰੋਂ ਚਮੜਾ, ਰੇਸ਼ਮ ਅਤੇ ਉੱਨ ਦੇ ਸਾਧਾਰਨ ਜਿਸਮ ਦੇ ਢੱਕਣੇ ਵਜੋਂ ਜਾਣ ਲੱਗ ਪਏ ਸਨ।

ਮੁਰਸ਼ਦ ਫ਼ਰੀਦ ਅਨੁਸਾਰ :-

"ਮਰਦ ਇਹ ਸੂਤੀ ਕੱਪੜਾ ਪਹਿਨਦੇ ਸਨ। ਸੂਤੀ ਕਮੀਜ਼ਾਂ ਗੋਡਿਆਂ ਤੱਕ ਲੰਮੀਆਂ ਹੁੰਦੀਆਂ ਸਨ। ਕਮੀਜ਼ ਦੇ

ਉੱਪਰ ਇਕ ਪਟਕਾ ਹੁੰਦਾ ਸੀ। ਜਿਸਦੇ ਪੱਲੇ ਮੋਢੇ ਉੱਤਰ ਲਟਕਣ ਸਨ ਦੇ ਔਰਤਾਂ ਘਾਗਰਾ ਸੀ। ਇਹ ਘਾਗਰਾ ਗੋਡਿਆਂ ਤੱਕ ਲਮਕਦੀ ਰਹਿੰਦੀ ਸੀ। ਸਾਰੇ ਕਦੇ ਪੈਰੀ ਪਹਿਨਦੇ ਸਨ। ਸਰਦੀਆਂ ਰੁੱਤਾਂ ਧਾਰੀਆਂ ਜੁੱਤੀਆਂ ਸਨ, ਜਿਨ੍ਹਾਂ ਦੇ ਉੱਤੇ ਕਾਲ ਸਮਝ, ਚੀਜ਼ਾਂ ਦੀ ਕੀਤੀਆਂ ਜਾਂਦੀਆਂ ਹੁੰਦੀਆਂ ਸਨ। ਤੀਵੀਆਂ ਕੱਪੜਿਆਂ ਨਾਲ ਮੇਚਦੀਆਂ ਜੁੱਤੀਆਂ। ਇਹ ਤੇਰਾ ਪ੍ਰਭਾਵ ਨਜ਼ਰ ਪਹਿਨੀਆਂ

ਸਮੇਂ ਬਦਲਣ ਨਾਲ ਉੱਤੇ ਪਹਿਰਾਵੇ ਦੀ ਨੁਹਾਰ ਵੀ ਬਦਲਦੀ ਰਹੀ ਹੈ। ਵਰਤਮਾਨ ਯੁੱਗ ਦੇ ਲੋਕਾਂ ਨਵੀਂ ਪੀੜ੍ਹੀ ਸਮੇਂ ਦਾ ਪਹਿਰਾਵਾ ਇਕ ਅਜੂਬਾ ਹੀ ਜਾਪਦਾ ਹੈ। ਇਕ ਸਮਾਂ ਸੀ ਜਦੋਂ ਮਨੁੱਖ ਕੇਵਲ ਸ਼ਰਮ ਗੁਪਤ ਅੰਗ ਹੀ ਢੱਕਦਾ ਸੀ। ਹੌਲੀ ਹੌਲੀ ਰੁੱਖ ਤੋਂ ਰੁੱਖ ਸਰੀਰ ਢੱਕਣ ਦੇ ਰੂਪ ਦਾ ਵਿਕਾਸ ਹੋ ਗਿਆ। ਉੱਤਰ-ਸਿੱਖ ਪਹਿਰਾਵੇ ਵਿੱਚ 'ਪੈਂਟ' ਅਤੇ ਮੁਸਲਮਾਨਾਂ ਵਿੱਚ ਪਜਾਮਾ (ਪਰਦਾ) ਇਸ ਵਿਚਾਰ ਦਾ ਸਿੱਟਾ ਹੈ। ਇਹ ਦਰਸਾਉਂਦੀ ਹੈ ਕਿ ਮਨੁੱਖ ਸਭ ਆਪਣੀ ਲੋੜਾਂ ਅਨੁਸਾਰ ਢਲ ਦਿੰਦਾ ਰਿਹਾ ਹੈ। ਦਿਨੋਂ-ਦਿਨ ਤਨ ਦਾ ਕੱਪੜਾ ਘਟਦਾ ਜਾ ਰਿਹਾ ਹੈ ਅਤੇ ਨੰਗੇਜ਼ ਦੀ ਪ੍ਰਵਿਰਤੀ ਵਧਦੀ ਹੋਈ ਜਾ ਰਹੀ ਹੈ। ਆਧੁਨਿਕ ਔਰਤ ਜਿਸਮ ਉੱਪਰ ਕੱਪੜੇ ਦਾ ਭਾਰ ਬਰਦਾਸ਼ਤ ਨਹੀਂ ਕਰ ਸਕਦੀ। ਉਹ ਕੱਪੜੇ ਦੀ ਵਰਤੋਂ ਨਾਲ ਆਪਣੇ ਅੰਗ ਉਭਾਰਾਂ ਦੀ ਪ੍ਰਦਰਸ਼ਨੀ ਕਰਨ ਵਿੱਚ ਦਿਲਚਸਪੀ ਰੱਖਦੀ ਹੈ।

ਪੰਜਾਬ ਦੀ ਮੁਟਿਆਰ ਅਕਸਰ ਗੋਡਿਆਂ ਤੱਕ ਲੰਮੀ ਕਮੀਜ਼ ਤੇ ਥੱਲੇ ਪਾਂਚੇ ਦੀ ਸਲਵਾਰ ਪਹਿਨਦੀ ਸੀ।

DATE / / PAGE
NOTEBOOK

ਸਿਰ ਅਤੇ ਮੋਢਿਆਂ ਉੱਪਰ ਲੋਈ, ਦੁੱਪਟਾ ਜਾਂ ਭੂਰਾ ਦੁਪੱਟਾ ਲਿਆ ਜਾਂਦਾ ਸੀ। ਪੈਰਾਂ ਵਿੱਚ ਪਿੰਡ ਦੇ ਮੋਚੀ ਦੀ ਬਣਾਈ ਸਾਧਾਰਨ ਕਿਸਮ ਦੀ ਜੁੱਤੀ ਹੁੰਦੀ ਸੀ। ਹੌਲੀ- ਹੌਲੀ ਸਿੱਧਾ ਸਾਦਾ ਪਹਿਰਾਵਾ ਅੰਗ ਢੱਕਣ ਦੀ ਥਾਂ ਸ਼ਿੰਗਾਰ ਦਾ ਸਾਧਨ ਬਣਨ ਲੱਗ ਪਿਆ। ਕੱਪੜੇ ਦਾ ਫੈਸ਼ਨ ਤੇਜ਼ੀ ਨਾਲ ਬਦਲਣ ਲੱਗ ਪਿਆ। ਮੁੰਡੇ ਅਤੇ ਕੁੜੀਆਂ ਵਿਚ ਫੈਸ਼ਨ ਦੀ ਦੌੜ ਵਿੱਚ ਇਕ ਦੂਜੇ ਨੂੰ ਪਛਾੜਨ ਦੀ ਰੁਚੀ ਰੱਖਣ ਲੱਗ ਪਏ। ਅੱਜ- ਕੱਲ੍ਹ ਸ਼ੌਕੀਨ ਮੁੰਡੇ ਜਤਨ ਕਰਦੇ ਹਨ ਕਿ ਉਹ ਕੁੜੀਆਂ ਵਰਗੇ ਲੱਗਣ ਅਤੇ ਸ਼ੌਕੀਨ ਕੁੜੀਆਂ ਮੁੰਡਿਆਂ ਵਾਂਗ ਲੱਗਣ ਦਾ ਜਤਨ ਕਰਦੀਆਂ ਹਨ।

ਪੰਜਾਬ ਅਨੇਕਾਂ ਭੂਗੋਲਿਕ ਇਕਾਈਆਂ ਦਾ ਜੋੜ ਹੈ। ਇਸ ਲਈ ਇਸ ਦੇ ਪਹਿਰਾਵੇ ਵਿੱਚ ਵੰਨ- ਸੁਵੰਨਤਾ ਹੋਣੀ ਸੁਭਾਵਿਕ ਹੈ। ਮਲਵਈ ਘੱਗਰੇ, ਲਵੇਂ ਸੂਫ- ਫੁੱਟ ਕਲਕੀਦਾਰ, ਨਾਲੀ ਪਾਜਾਮੇ, ਸਾਫੇ, ਫਤੋਹ, ਨਿਹੰਗ ਸਿੰਘ, ਨਾਮਧਾਰੀਏ, ਕਰਮਕਾਂਡੀ ਪਾਂਧੇ, ਮਜ਼ਹਬੀ, ਮਲੰਗ, ਦੁਆਬੀਏ ਤੇ ਕਿਧਰੇ ਕਿਧਰੇ ਪੱਖੋਵਾਸ ਕਬੀਲਿਆਂ ਦੇ ਲੋਕ ਦੇ ਪਹਿਰਾਵੇ ਵਿਚ ਵੰਨ- ਸੁਵੰਨਤਾ ਦੀ ਸੁੰਦਰ ਪੇਸ਼ਕਾਰੀ ਤਸਵੀਰ ਹੁੰਦੇ ਹਨ। ਨਿਹੰਗ ਸਿੰਘ ਸਿਰ ਤੇ ਨੀਲਾ ਦੁਮਾਲਾ, ਗਲ ਨੀਲਾ ਚੋਲਾ ਤੇ ਤੇੜ ਕਛਹਿਰਾ ਪਹਿਨਦੇ ਹਨ। ਨਾਮਧਾਰੀਏ ਇਹ ਪਹਿਰਾਵਾ ਸਫੈਦ ਰੰਗ ਦਾ ਪਹਿਨਦੇ ਹਨ। ਉਨ੍ਹਾਂ ਦਾ ਪੱਗ ਬੰਨ੍ਹਣ ਦਾ ਢੰਗ ਵੀ ਨਿਰਾਲਾ ਹੁੰਦਾ ਹੈ। ਨਾਥ, ਜੋਗੀ, ਸਾਧ ਸੰਤ ਜਿਤਨੀਆਂ ਕਿਸਮਾਂ ਉਤਨੀ ਹੀ ਤਰ੍ਹਾਂ ਦਾ ਪਹਿਰਾਵਾ ਹੁੰਦਾ ਹੈ। ਹਿੰਦੂ ਬ੍ਰਾਹਮਣ ਢਾਹੀਂ ਧੋਤੀ ਗਲ ਵਿੱਚ ਲਾਲ ਰੰਗ ਦਾ ਪਰਨਾ, ਸਰੀਰ ਉੱਤੇ ਜਨੇਊ ਪਹਿਨਦੇ ਹਨ।

ਇਸ ਤੋਂ ਬਿਨਾਂ ਪਹਿਰਾਵੇ ਦੇ ਕੁਝ ਅਜਿਹੇ ਪੱਖ ਵੀ ਹਨ ਜੋ ਲਗਭਗ ਹਰ ਪੰਜਾਬੀ ਕੋਲ ਉਹ ਕਿਸੇ ਵੀ ਕਿਤੇ, ਜਾਤ ਅਤੇ ਧਰਮ ਨਾਲ ਸੰਬੰਧ

ਸੰਭਵ ਹੁੰਦਾ ਹੈ, ਪਹਿਨਾਵਾ ਤੇ ਪਹਿਰਾਵੇ ਦੇ ਅਧਿਐਨ ਅਨੁਸਾਰ ਪੰਜਾਬੀ ਜਨ-ਜੀਵਨ ਨਾਲ ਜੁੜੀ ਤੁਰੇ ਆ ਰਹੇ ਹਨ। ਪੱਗ ਜਾਂ ਪਗੜੀ ਪੰਜਾਬੀ ਲੋਕਾਂ ਦਾ ਅਜਿਹਾ ਹੀ ਹਰਮਨ ਪਿਆਰਾ ਪਹਿਰਾਵਾ ਹੈ। ਪੰਜਾਬੀ ਸਭਿਆਚਾਰ ਵਿਚ ਪੱਗ ਦੀ ਵਿਸ਼ੇਸ਼ ਅਹਿਮੀਅਤ ਹੈ। ਦੇਸ਼-ਵਿਦੇਸ਼ ਦੇ ਹੋਰ ਅਨੇਕਾਂ ਲੋਕ ਭਾਵੇਂ ਪੱਗ ਬੰਨ੍ਹਦੇ ਹੋਣਗੇ, ਪਰੰਤੂ ਪੰਜਾਬੀ ਪਹਿਰਾਵੇ ਵਿਚ ਜੋ ਸਨਮਾਨ ਪੱਗ ਨੂੰ ਹਾਸਲ ਹੈ, ਉਹ ਸ਼ਾਇਦ ਹੀ ਕਿਸੇ ਸਮਾਜ ਦੇ ਕਿਸੇ ਪਹਿਰਾਵੇ ਨੂੰ ਹੋਵੇ। ਪੰਜਾਬੀ ਲੋਕਾਂ ਲਈ ਪੱਗ ਅਣਖ ਅਣਖਾਂ ਦੇ ਬੋਧ ਕਰਵਾਉਂਦੀ ਹੈ। ਉਸ ਦੇ ਸਨਮਾਨ ਲਈ ਪਾਈ ਪੱਗ ਲੱਥਣ, ਪੰਜਾਬੀ ਮਨ ਲਈ ਅੰਤਮ ਦੁਖਦਾਈ ਹੁੰਦਾ ਹੈ। ਹਰ ਪੰਜਾਬੀ ਪੱਗ ਦੀ ਲਾਜ ਰੱਖਦਾ ਹੈ। ਇਸ ਦੀ 'ਪੱਗ ਵਟਾਈ' ਹਰ ਕਾਰਜ ਉਸਦੇ ਨਜ਼ਦੀਕੀ ਸਮਾਜਕ ਸਬੰਧ ਦੇ ਦਿੰਦੀ ਹੈ। ਇਸ ਨੂੰ ਪਗੜਬੰਦੀ ਵਿਚ ਬਦਲ ਦਿੰਦੇ ਹਨ। ਕਈ ਸਮਾਜੀ ਰੁਤਬੇ (ਲੰਬੜਦਾਰੀ, ਚੌਧਰ, ਠੋਲੇ ਦੀ ਸਰਦਾਰੀ ਆਦਿ) ਸੰਬੰਧਤ ਵਿਅਕਤੀ ਨੂੰ ਪੱਗ ਬੰਨ੍ਹੀ ਜਾਂਦੀ ਹੈ। ਮਰਗਤ ਸਮੇਂ ਵੀ ਪੱਗ ਦੀ ਰਸਮ ਅਦਾ ਕੀਤੀ ਜਾਂਦੀ ਹੈ। ਵੱਡੇ ਦੇ ਜਨਮ ਦੀ ਖੁਸ਼ੀ ਵਿਚ 'ਦਸਤਾਰਬੰਦੀ' ਦੀ ਰਸਮ ਵੀ ਪੱਗ ਦਾ ਸਤਿਕਾਰ ਦਰਸਾਉਂਦੀ ਹੈ।

ਪੰਜਾਬੀ ਲੋਕ ਗੀਤਾਂ ਵਿਚ ਵੀ 'ਪੱਗ' ਵਿਸ਼ੇਸ਼ ਦਰਜਾ ਰੱਖਦੀ ਹੈ। ਪੰਜਾਬੀ ਮੁਟਿਆਰ, ਪੰਜਾਬੀ ਗੱਭਰੂ ਨੂੰ ਨਿਵਾਰੀ ਰੰਗ ਵਿਚ ਤਾਹਨਾ ਮਾਰਦੀ ਆਖ ਦਿੰਦੀ ਹੈ:-

ਤੈਨੂੰ ਪੱਗ ਬੰਨ੍ਹਣੀ
ਤੈਨੂੰ ਲੜ ਛੱਡਣਾ,
ਤੈਨੂੰ ਤੁਰ ਵਾਹਣੀ ਨਾ ਆਵੇ,

ਤੇਰੇ ਪਗ ਕੀ ਦਸਤਾ।

ਛਾਰੇ ਦੀ ਤਸਨ ਬਰੀਕ ਮਲ ਮੂਲ ਪੰਜਾਬੀ ਲੋਕਾਂ ਵਿੱਚ ਬਹੁਤ ਹਰਮਨ ਪਿਆਰੀ ਰਹੀ ਹੈ। ਇਸ ਦਾ ਇਕ ਕਾਰਨ ਆਪਣੇ ਹਨ ਤੀਲਾਂ ਬਾਲੀ ਰੱਖੀ ਵਿੱਚ ਦੀ ਲੈਂਪ ਜਾਂਦਾ ਸੀ। ਕਵੇਂ ਇਸ ਤਰ੍ਹਾਂ ਦੀ ਬਾਰੀਕ ਮਲਮਲ ਦੀ ਪੱਗ ਨੂੰ ਸੋਹਣੀ ਰੰਗ ਵਿਚ ਕੇ ਪੰਜਾਬੀ ਗੱਭਰੂ ਕਿਸੇ ਮੇਲੇ ਮਸਾਹਰੇ ਉੱਤੇ ਜਾਂਦਾ ਸੀ ਤਾਂ ਹਰ ਪੰਜਾਬੀ ਮੁਟਿਆਰ ਨੂੰ ਇਹ ਆਪਣਾ ਪ੍ਰੀਤਮ ਲੱਗਦਾ ਸੀ।

ਮੈਨੂੰ ਸੱਸਿਆ 'ਚ ਪੇਚ ਭੁਲੇਖੇ
ਤੇਰੀ ਵੇ ਸੋਹਣੀ ਪੱਗ ਦੇ।

ਛੋਰੇਗਾ ਰੰਗ ਵੇ ਲਲਾਰੀਆਂ ਸੋਹਣਾ
ਮਿੱਤਰਾਂ ਦੀ ਪੱਗ ਵਰਗਾ।

ਸਤੰਤਰਤਾ ਸੰਗਰਾਮ ਸਮੇਂ ਪੰਜਾਬੀ ਲੋਕਾਂ ਨੂੰ ਇਸ ਗੀਤ ਦੀਆਂ ਤੁਕਾਂ ਨੇ ਬਹੁਤ ਹੀ ਪ੍ਰਭਾਵਿਤ ਕੀਤਾ ਸੀ!-

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।।

ਪੰਜਾਬੀ ਪਹਿਰਾਵੇ ਵਿੱਚ ਪੱਗਾਂ ਦੀ ਕਿੰਨੇ ਰੰਗਾਂ ਅਤੇ ਵੰਨਗੀਆਂ ਦੀਆਂ ਹੁੰਦੀਆਂ ਹਨ। ਪਹਿਲੇ ਸਿੱਖ ਲੋਕ ਪਟਿਆਲੇ ਸ਼ਾਹੀ ਪੋਚਵੀਂ ਪੱਗ ਬੰਨਦੇ ਹਨ ਤੇ ਨੌਜਵਾਨ ਤਿੱਖੀ ਨੁੱਕਰ ਵਾਲੀ, ਅਜਕਲ੍ਹ ਗੱਭਰੂ ਲੜ ਛੱਡ ਕੇ ਬੰਨਣਾ ਹੀ ਪਸੰਦ ਕਰਦੇ ਸਾਧਾਰਨ ਕਿਸਮ ਦੀ ਲਪੇਟਵੀਂ ਪੱਗ ਹੀ ਬੰਨ ਲੈਂਦੇ ਹਨ। ਉਮਰ, ਰੁੱਤ ਅਤੇ ਜਾਤ ਫਿਰਕੇ ਅਨੁਸਾਰ ਪੱਗ ਦਾ ਰੰਗ ਵੀ ਵਖਰਾ ਹੁੰਦਾ ਹੈ।

ਪੰਜਾਬੀ ਮਰਦਾਂ ਦੀ ਪੱਗ ਵਾਂਗ ਹੀ ਕੁਝ ਸਮਾਂ ਪਹਿਲਾਂ ਪੰਜਾਬੀ ਔਰਤਾਂ ਦੇ ਪਹਿਰਾਵੇ ਵਿੱਚ 'ਘੱਗਰੇ' ਦੀ ਸ਼ਾਨ ਹੁੰਦੀ ਸੀ। ਪੰਜਾਬੀ ਸਮਾਜ ਵਿੱਚ ਹਰ ਸ਼ਾਦੀ ਸ਼ੁਦਾ ਔਰਤ ਲਈ ਘੱਗਰਾ ਲਾਜ਼ਮੀ ਪਹਿਨਣਾ ਹੁੰਦਾ ਸੀ। ਸਾਟਨ ਜਾਂ ਕਾਲੀ ਸੂਫ਼ ਦਾ ਘੱਗਰਾ, ਸਿਲਮੇ ਸਿਤਾਰਿਆਂ ਵਾਲਾ ਲਿਸ਼ਕਦਾ ਨਾਲਾ, ਉਪਰ ਦਸਰ ਦੀ ਰੇਸ਼ਮੀ ਝਾਲਰ ਦੀ ਚੁੰਨਣ, ਪੰਜਾਬੀ ਮੁਟਿਆਰ ਦੇ ਹੁਸਨ ਨੂੰ ਚਾਰ ਚੰਨ ਲਾਉਣ ਵਾਲਾ ਪਹਿਰਾਵਾ ਹੁੰਦਾ ਸੀ। ਘੱਗਰੇ ਨਾਲ ਲੋਕ ਵੀ ਆਪਣਾ ਰੁਤਬਾ ਦਰਸਾਉਂਦੇ ਸੀ। ਇਕ ਘੱਗਰੇ ਨੂੰ ਵੀਹ ਗਜ਼ ਤੱਕ ਦਾ ਕਪੜਾ ਲੱਗ ਸਕਦਾ ਸੀ। ਅੱਜ ਕੱਲ੍ਹ ਘੱਗਰੇ ਦੀ ਲੋਕਪ੍ਰਿਅਤਾ ਕੇਵਲ ਲੋਕ-ਗੀਤਾਂ ਵਿੱਚ ਹੀ ਲੱਭੀ ਜਾ ਸਕਦੀ ਹੈ:

ਘੱਗਰਾ ਵੀਹ ਗਜ਼ ਦਾ, ਲੱਕ ਗੋਰੀ ਦਾ ਸਹਿਣੇ
ਆਏ।
ਮੇਰਾ ਘੱਗਰਾ ਸੂਫ਼ ਦਾ, ਪਰਤੋ ਸੈਂਘਰਦਾ ਜਾਏ
ਹੈ।
ਲੱਕ ਪਤਲਾ ਨਰਮ ਦਾ ਤੀਲਾ, ਘੱਗਰੇ ਦਾ ਭਾਰ ਨਾ
ਸਹੇ।
ਕਾਲਾ ਘੱਗਰਾ ਰਸ ਨਾ ਆਵੇ, ਸਹੁਰਿਆਂ ਦਾ
ਪਿੰਡ ਛ ਆ ਗਿਆ।
ਘੱਗਰੇ ਦੀ ਵੇ, ਲੋਣ ਖਿੱਚ ਗਈ।

ਇਕ ਤਾਂ ਵਿਆਹ ਮਗਰੋਂ ਸਾਰੀ ਉਮਰ, ਪਰੰਤੂ, ਪੁੱਤ ਦੀ ਸ਼ਾਦੀ ਤੱਕ ਔਰਤ ਨੂੰ ਘੱਗਰਾ ਪਹਿਨਣਾ ਲਾਜ਼ਮੀ ਹੁੰਦਾ ਸੀ। ਕਿਸੇ ਤਿਉਹਾਰ ਜਾਂ ਵਰਤੇ ਦੀ ਸੰਗਤਾ ਕਰਨ ਸਮੇਂ ਹੀ ਔਰਤ ਘੱਗਰਾ ਪਹਿਨਦੀ ਸੀ।

Scanned with OKEN Scanner

ਪੰਜਾਬੀ ਗੱਭਰੂ ਨੂੰ ਵੀ ਆਪਣੇ ਪਹਿਰਾਵੇ ਨਾਲ ਖਾਸ ਲਗਾਅ ਰਿਹਾ ਹੈ। ਜਿਸ ਦੀ ਆਰਥਿਕ ਹਾਲਤ ਜਾਂ ਜਿਸ ਦੇ ਸ਼ੌਂਕਤਰ ਨੂੰ ਪਛਾਣਨ ਸਕੇ ਦੀ ਸਿਆਣੇ ਚੰਗੇ ਪਹਿਰਾਵੇ ਦਾ ਚਾਇਜ਼ਾ ਲਿਆ ਕਰਦੇ ਸਨ। ਮਾਝੇ, ਮਾਲਵੇ ਅਤੇ ਦੁਆਬੇ ਦੇ ਗੱਭਰੂ ਪਹਿਲਾਂ ਕੁੜਤਾ ਚਾਦਰ ਦਾ ਸ਼ੌਕ ਰੱਖਦੇ ਹਨ। ਸਾਫ਼ੇ ਦੇ ਲੰਮੇ ਲੰਮੇ ਲੜ ਛੱਡ ਕੇ ਹਰ ਗੱਭਰੂ ਆਪਣੀ ਜਵਾਨੀ ਦਾ ਪ੍ਰਦਰਸ਼ਨ ਕਰਦਾ ਹੈ। ਮਲਵਈ ਲੋਕ 'ਕੈਂਠਾ' ਪਹਿਨਣ ਦੇ ਸ਼ੌਕੀਨ ਹੁੰਦੇ ਹਨ। ਇਕ ਮਲਵੱਈ ਜਵਾਨ ਦੀ ਖਸਤਾ ਹਾਲਤ ਵੇਖ ਕੇ ਉਸ ਦੀ ਚਹੇਤੀ ਮੁਟਿਆਰ ਇਸ ਤਰ੍ਹਾਂ ਤਾਹਨਾ ਮਾਰਦੀ ਹੈ:

ਜੁੱਤੀ ਟੁੱਟਗੀ ਪਾਟ ਗਿਆ ਕੁੜਤਾ
ਲਾਗ ਲੈਗ ਹੋ ਗਿਆ ਕੁੜਤਿ।

ਪੰਜਾਬੀ ਮੁਟਿਆਰ ਦੇ ਪਹਿਰਾਵੇ ਵਿੱਚ ਅਨੇਕਾਂ ਕਿਸਮ ਦੇ ਕੱਪੜੇ ਸ਼ਾਮਲ ਹੁੰਦੇ ਹਨ। ਖੱਦਰ, ਲੱਠਾ, ਕਰੇਪ, ਛੀਂਟ, ਲੀਲਨ, ਲੱਠੀ ਸਿੱਟਨ, ਪਾਪਲੀਨ, ਗਬਰੂਨ, ਸਿਲਕ, ਜਾਰਜਟ, ਟੈਰੀਕਾਟ ਆਦਿ। ਪਰ ਪੰਜਾਬੀ ਔਰਤ ਦੇ ਦਿਲ ਨੂੰ ਕਾਲੀ ਸੂਫ਼ ਅਤੇ ਛੀਂਟ ਹੀ ਜਿੱਤ ਸਕੀ ਹੈ:

ਕੈਂਚੀ ਹੱਟੀ ਤੇ ਸਗਾਰਦ ਹੋਈ
ਸੱਪ ਰੰਗੀ ਛੀਂਟ ਵੇਖ ਕੇ।.....

ਸੱਪਣੇ ਸੂਫ਼ ਦੀਏ
ਤੈਨੂੰ ਸੱਸ ਮਰੀ ਤੋਂ ਪਾਵਾਂ।

ਪੰਜਾਬੀ ਔਰਤ ਫੁਲਕਾਰੀ, ਬਾਗ਼, ਸੁਭਰ ਜਾਂ ਸਾਲੂ ਖਾਸ ਮੌਕਿਆਂ ਤੇ ਪਹਿਨਦੀ ਸੀ। ਪੈਰਾਂ ਵਿੱਚ ਅਕਸਰ

ਪੰਜਾਬ ਦੇ ਲੋਕਾਂ ਦੀ ਪੁਰਾਣੀ ਜੁੱਤੀ ਹੀ ਪਈ ਜਾਂਦੀ
ਸੀ। ਜੁੱਤੀ ਨਾਲ ਕਾਲੀ, ਸੁੱਚੀ, ਖੱਲੀ ਦੀ, ਅਤੇ
ਨੁਕਸ ਦੀ, ਸਮਾਜ ਵਿਚ ਹੁੰਦੀ ਸੀ। ਪੰਜਾਬੀ
ਤਿੱਲੇ ਦੀ ਜੁੱਤੀ ਬਹੁਤ ਪਸੰਦ ਕਰਦੀ ਸੀ।

ਜੁੱਤੀ ਪੱਲ ਦੀ, ਸਰੋਂ ਨਹੀਂ ਫਲਦੀ
ਤੋਰ ਕਹਾਣੀ ਦਾ।

ਹੌਲੀ-ਹੌਲੀ ਸਮਾਂ ਵਿੱਚ ਤਬਦੀਲੀ ਦੇ ਨਾਲ
ਵਿਚਾਰ ਪੈ ਗਿਆ ਤੇ ਵਿਆਹੀਆਂ ਪੰਜਾਬਣਾਂ ਕੁੜੀ
ਕਾਲੇ ਸਲੀਪਰ ਦਾ ਸ਼ੌਕ ਪਹਿਨਣ ਲੱਗੀ।

ਗੋਰੇ ਰੰਗ ਤੇ ਸਲੀਪਰ ਕਾਲੇ
ਰਾਣੀ ਵਿੱਚ ਲੈਣ ਲਮਕੇ।

--- - -- --

ਤੇਰੇ ਕੋ ਵਿਚ ਸਲੀਪਰ ਕਾਲੇ
ਕਾਏ ਸੋਹਣੇ ਮੈਂ ਸੀਂਹ ਵਿਚ ਵੇ।

ਪੱਛਮੀ ਪ੍ਰਭਾਵ ਅਧੀਨ ਪੰਜਾਬੀ ਲੋਕਾਂ ਦੇ ਪਹਿਰਾਵੇ
ਦਾ ਰੂਪ ਰੰਗ ਬਹੁਤ ਬਦਲ ਗਿਆ ਹੈ। ਅੱਜ ਕੱਲ,
ਦੇਸੀ ਖੱਦਰ ਕੱਪੜੇ ਦੀ ਥਾਂ ਵਿਦੇਸ਼ੀ ਕੱਪੜੇ ਨੂੰ ਤਰਜੀਹ ਦਿੱਤੀ
ਜਾਂਦੀ ਹੈ। ਸਾੜੀ ਪਜਾਮਿਆਂ ਅਤੇ ਪੈਂਟਾਂ ਦਾ ਰਿਵਾਜ
ਵੱਧਣ ਲੱਗ ਗਿਆ ਹੈ। ਘੱਗਰਾ, ਫੁਲਕਾਰੀ, ਬਾਗ,
ਅਤੇ ਦੋਤਸ਼ਹੀਏ ਦਾ ਰਿਵਾਜ ਖ਼ਤਮ ਹੋ ਗਿਆ ਹੈ।
ਅੱਜ ਕੱਲ੍ਹ ਦੇ ਤੇਜ਼ੀ ਨਾਲ ਬਦਲ ਰਹੇ ਸਮੇਂ
ਵਿੱਚ ਪਾਰੰਪਰਿਕ ਪੰਜਾਬੀ ਪਹਿਰਾਵਾ ਕਿਧਰੇ ਟਾਂਵਾਂ
ਹੀ ਦੇਖਣ ਮਿਲਦਾ ਹੈ।